International Journal of Applied Research 2017; 3(7): 1450-1453




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(7): 1450-1453
www.allresearchjournal.com
Received: 29-05-2017
Accepted: 30-06-2017

**ਠਾਕੁਰ ਸਿੰਘ**
ਸਹਾਇਕ ਪ੍ਰੋਫੈਸਰ,
ਯੂਨੀਵਰਸਿਟੀ ਕਾਲਜ ਮੀਰਾਪੁਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ,
ਪਟਿਆਲਾ, ਪੰਜਾਬ।

# ਅਜਮੇਰ ਰੋਡੇ ਦੇ ਕਾਵਿ-ਸਰੋਕਾਰ : ਲੀਲ੍ਹਾ ਦੇ ਝਰੋਖੇ ਚੋਂ

**ਠਾਕੁਰ ਸਿੰਘ**

**ਆਬਸਟ੍ਰੈਕਟ :**
ਅਜਮੇਰ ਰੋਡੇ ਦੀ ਵਧੇਰੇ ਸ਼ਾਇਰੀ ਚਿੰਤਨ ਅਤੇ ਚੇਤਨਾ ਦੀ ਸ਼ਾਇਰੀ ਹੈ। ਉਸ ਦੀ ਸ਼ਾਇਰੀ ਵਿਦਿਆ ਅਤੇ ਗਿਆਨ-ਵਿਗਿਆਨ ਦੇ ਖੇਤਰ ਦੀਆਂ ਨਵੀਆਂ ਲੱਭਤਾਂ, ਖੋਜਾਂ ਅਤੇ ਸੰਭਾਵਨਾਵਾਂ ਦੀ ਪੈਦਾਵਾਰ ਹੈ। ਜੋ ਉਸ ਦੇ ਵਿਸ਼ਵ ਅਨੁਭਵਾਂ, ਮਾਨਵੀ ਅਹਿਸਾਸਾਂ ਦੀ ਉਪਜ ਹੈ। ਅਜਮੇਰ ਰੋਡੇ ਦੇ ਅਨੁਭਵ ਅਤੇ ਅਹਿਸਾਸ ਪੂਰੀ ਕਾਇਨਾਤ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ। ਲੀਲ੍ਹਾ ਕਾਵਿ ਸੰਗ੍ਰਹਿ ਦੀ ਰਚਨਾ ਅਜਮੇਰ ਰੋਡੇ ਨੇ ਆਪਣੇ ਭਰਾ ਨਵਤੇਜ ਭਾਰਤੀ ਨਾਲ ਰਲ ਕੇ ਕੀਤੀ ਹੈ ਜੋ ਇਕ ਵੱਡ ਆਕਾਰੀ ਅਤੇ ਵਿਲੱਖਣ ਕਾਵਿ ਸੰਗ੍ਰਹਿ ਹੈ। ਇਸ ਖੋਜ ਨਿਬੰਧ ਵਿਚ ਲੀਲ੍ਹਾ ਰਾਹੀਂ ਅਜਮੇਰ ਰੋਡੇ ਦੇ ਕਾਵਿ ਸਰੋਕਾਰ ਤਲਾਸ਼ਣ ਦੀ ਕੋਸ਼ਿਸ਼ ਕੀਤੀ ਗਈ ਹੈ।

ਕੁੰਜੀ ਸ਼ਬਦ : ਚੇਤਨਾ, ਮਾਨਵੀ, ਵਿਗਿਆਨ, ਯਥਾਰਥ, ਸਭਿਆਚਾਰ।

ਅਜਮੇਰ ਰੋਡੇ ਵਿਲੱਖਣ ਕਿਸਮ ਦਾ ਸ਼ਾਇਰ ਹੈ ਜਿਸ ਦੀ ਸ਼ਾਇਰੀ ਦੇ ਪਾਸਾਰ ਪੂਰੇ ਬ੍ਰਹਿਮੰਡ ਤੱਕ ਫੈਲੇ ਹੋਏ ਹਨ। "ਕਿਸੇ ਵਿਅਕਤੀ, ਫਿਰਕੇ, ਸੰਪ੍ਰਦਾਇ ਤੇ ਕੌਮੀਅਤ ਤੋਂ ਅਗਾਂਹ ਲੰਘ ਕੇ ਮਨੁੱਖ ਤੇ ਮਨੁੱਖਤਾ ਦੀ ਅੰਤਰ ਪੀੜਾ ਨੂੰ ਜ਼ਾਹਰ-ਜਹੂਰ ਕਰਨ ਲਈ ਵਚਨਬੱਧ ਹਨ। ਅਜਮੇਰ ਰੋਡ ਦੀ ਕਾਵਿ ਰਚਨਾ ਦਾ ਮਾਹੌਲ ਬੇਸ਼ਕ ਪੰਜਾਬੀ ਸਭਿਆਚਾਰ ਹੀ ਹੈ ਲੇਕਿਨ ਇਸ ਦਾ ਪਾਸਾਰ ਤੇ ਵਿਸਥਾਰ ਸਮੁੱਚੀ ਮਨੁੱਖਤਾ ਦੇ ਸਰੋਕਾਰ ਨਾਲ ਹੈ। ਉਸ ਦਾ ਕਾਵਿ ਕੁੱਝ ਥਾਵਾਂ ਤੇ ਸਾਇੰਸਦਾਨ ਦੀ ਬੋਲੀ ਬੋਲਦਾ ਹੈ, ਪਰੰਤੂ ਸਾਇੰਸ ਦੀ ਇਸ ਵਿਗਿਆਨਕ ਚੇਤਨਾ ਨੇ ਹੀ ਉਸ ਨੂੰ ਚਿੰਤਨ ਦਾ ਮਾਨਵੀ ਬੋਧ ਪ੍ਰਦਾਨ ਕੀਤਾ ਹੈ।"[1]

ਅਜਮੇਰ ਰੋਡੇ ਵਿਗਿਆਨਕ ਸੋਚ ਅਤੇ ਮਾਨਵੀ ਵਿਚਾਰਧਾਰਾ ਦਾ ਧਾਰਨੀ ਹੈ। ਕਾਵਿ ਰਚਨਾ ਕਰਦੇ ਸਮੇਂ ਵੀ ਉਸ ਦੀ ਕਾਵਿ ਰਚਨਾ ਅੰਦਰ ਵਿਗਿਆਨਕ ਵਿਧੀਆਂ ਦੇ ਝਲਕਾਰੇ ਪੈਂਦੇ ਹਨ। ਇਸ ਲਈ ਅਸੀਂ ਆਖ ਸਕਦੇ ਹਾਂ ਕਿ ਉਸ ਦੇ ਕਾਵਿ ਅੰਦਰ "ਵਿਗਿਆਨ-ਵਾਦੀ ਮਾਨਵੀ ਦ੍ਰਿਸ਼ਟੀ" ਨਿਰੰਤਰ ਕਾਰਜਸ਼ੀਲ ਰਹਿੰਦੀ ਹੈ। ਕਣ ਕਣ ਵਿਚ ਵਿਗਿਆਨ ਦਾ ਧਾਰਨੀ ਹੋਣ ਕਾਰਨ ਉਸ ਦੀ ਪਹੁੰਚ ਦ੍ਰਿਸ਼ਟੀ ਵਿਗਿਆਨਕ ਸੰਵੇਦਨਾ ਨਾਲ ਭਰਪੂਰ ਹੈ। ਅਜਮੇਰ ਦੀ ਵਿਗਿਆਨ-ਵਾਦੀ ਮਾਨਵੀ ਦ੍ਰਿਸ਼ਟੀ ਦਾ ਜ਼ਿਕਰਯੋਗ ਪੱਖ ਇਹ ਹੈ ਕਿ ਉਸ ਦੀ ਮਾਨਵੀ ਦ੍ਰਿਸ਼ਟੀ ਇਕ ਕੌਮ, ਧਰਮ, ਦੇਸ਼ ਜਾਂ ਖੇਤਰ ਤੀਕ ਸੀਮਤ ਨਹੀਂ ਬਲਕਿ ਉਸ ਦੀ ਵਿਸ਼ਵ ਮਾਨਵੀ ਦ੍ਰਿਸ਼ਟੀ ਹੋਰ ਅਗਾਹ ਤੀਕ ਫੈਲਦੀ ਤੁਰੀ ਜਾਂਦੀ ਹੈ।

ਅਜਮੇਰ ਰੋਡੇ ਵਿਗਿਆਨ ਅਤੇ ਧਰਮ ਨੂੰ ਦੋ ਵਿਰੋਧੀ ਵਿਚਾਰਾਂ, ਸੰਸਾਰਾਂ ਜਾਂ ਧਾਰਾਵਾਂ ਵਜੋਂ ਨਹੀਂ ਚਿਤਵਦਾ। ਬਲਕਿ ਉਸ ਦੀ ਕਾਵਿ ਰਚਨਾ ਅੰਧ ਵਿਸ਼ਵਾਸ਼ਾਂ, ਸਮਾਜਿਕ ਰੂੜ੍ਹੀਆਂ ਅਤੇ ਪੁਰਾਤਨ ਰੀਤਾਂ ਤੇ ਅਧਾਰਤ ਧਰਮ ਨੂੰ ਦਰਕਿਨਾਰ ਕਰ ਕੇ ਤੁਰਦੀ ਹੈ ਜਦੋਂ ਕਿ ਰੋਡੇ ਦੀ ਸੋਚ ਵਿਗਿਆਨਿਕ ਧਰਮ ਦੀ ਧਾਰਨੀ ਹੈ। ਉਸ ਦੀ ਕਵਿਤਾ ਦਾ ਸੰਯੋਗ ਗੁਰਬਾਣੀ ਨਾਲ ਜਾ ਜੁੜਦਾ ਹੈ। ਅਜਮੇਰ ਰੋਡੇ ਦੀ ਕਾਵਿ-ਧੁਨੀ ਦਾ ਸੋਮਾ ਅਤੇ ਸਰੋਤ ਬਾਣੀ ਸੰਸਾਰ ਨਾਲ ਸਬੰਧਤ ਹੈ। ਅਜਮੇਰ ਰੋਡੇ ਦਾ ਸਵੈ-ਕਥਨ ਹੈ ਕਿ "ਵਾਸਤਵ ਵਿਚ ਲੋੜ ਅੱਜ ਸ਼ੁੱਭ ਚਿੰਤਨ ਦੀ ਹੈ, ਕੇਵਲ ਚਿੰਤਨ ਦੀ ਨਹੀਂ। ਕੋਈ ਪੰਜ ਸਦੀਆਂ ਪਹਿਲਾ ਗੁਰੂ ਨਾਨਕ ਦੇਵ ਜੀ ਦੀ ਅਲੌਕਿਕ ਪ੍ਰਤਿਭਾ ਨੇ ਇਸ ਸੰਕਲਪ ਦੀ ਪਹਿਚਾਣ ਸਥਾਪਤ ਕੀਤੀ

Correspondence
**ਠਾਕੁਰ ਸਿੰਘ**
ਸਹਾਇਕ ਪ੍ਰੋਫੈਸਰ,
ਯੂਨੀਵਰਸਿਟੀ ਕਾਲਜ ਮੀਰਾਪੁਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ,
ਪਟਿਆਲਾ, ਪੰਜਾਬ।

ਸੀ। ਮਨੁੱਖੀ ਹਸਤੀ ਦੀ ਦਿਮਾਗੀ ਫੈਕਲਟੀ ਵਿਚ ਨਿਰਾ ਗਿਆਨ, ਚਿੰਤਨ, ਬੁੱਧੀ, ਬੋਧ, ਚਤੁਰਤਾ ਆਦਿ ਵਿਨਾਸ਼ਕਾਰੀ ਹੋ ਸਕਦੇ ਹਨ। ਇਸ ਲਈ ਗੁਰੂ ਸਾਹਿਬ ਨੇ ਬੁੱਧੀ ਨੂੰ ਦੁਰਬੁੱਧੀ ਤੋਂ ਨਿਖੇੜਨ ਲਈ ਬਿਬੇਕ ਜਾਂ ਸੁਬੁਧਿ ਕਿਹਾ ਹੈ ਅਤੇ ਗਿਆਨ ਨੂੰ ਚੁੰਜ-ਗਿਆਨ ਤੋਂ ਨਿਖੇੜਨ ਲਈ ਸੁਗਿਆਨ ਉਚਾਰਿਆ ਹੈ।"[2]

ਅਜਮੇਰ ਰੋਡੇ ਦਾ ਕਾਵਿ ਦਾ ਇਕ ਵਿਲਖੱਣ ਪੱਖ ਇਹ ਵੀ ਹੈ ਕਿ ਉਹ ਦਿੱਖ ਵਾਲੇ ਯਥਾਰਥ ਨਾਲੋਂ ਅਦਿੱਖ ਯਥਾਰਥ ਅਤੇ ਲੁਪਤ ਪਰਤਾਂ ਨੂੰ ਪ੍ਰਸਤੁੱਤ ਕਰਦਾ ਹੈ। ਉਸ ਦਾ ਬਾਹਰਮੁੱਖਤਾ ਨਾਲੋਂ ਜ਼ਿਆਦਾ ਜ਼ੋਰ ਅੰਤਰਮੁਖਤਾ ਤੇ ਹੁੰਦਾ ਹੈ। ਚੇਤਨ ਨਾਲੋ ਅਵਚੇਤਨ ਤੇ ਕਿਤੇ ਜ਼ਿਆਦਾ। ਅਜਮੇਰ ਦੀ ਕਾਵਿ "ਦ੍ਰਿਸ਼ਟੀ ਯਥਾਰਥ ਅੰਦਰ ਲੁਪਤ ਗਹਿਰੀ ਜਾਂ ਜ਼ਹਿਰੀ ਪ੍ਰਸੰਗਾਂ ਨੂੰ ਚੇਤਨ ਹੋ ਕੇ ਪਛਾਣਦੀ ਹੈ। ਉਹ ਸਥਿਤੀ/ਵਸਤ ਜੀਵ ਦੇ ਆਪਸੀ ਰਿਸ਼ਤਿਆਂ ਦੀ ਅਵਚੇਤਨੀ ਫੋਲਾਫਾਲੀ ਕਰਦਾ ਹੈ। ਉਹ ਸਿਆਸੀ ਸੁਚੇਤ ਨਾਲੋਂ ਸਿਆਸੀ ਅਵਚੇਤਨ ਦੇ ਵੱਧ ਨਿਕਟ ਹੈ। ਉਸ ਦੀ ਹਰ ਉਕਤੀ ਵਿਚ ਸਹਿਜ/ਸੰਤੁਲਨ ਹੈ ਅਤੇ ਸੂਖਮ ਤੇ ਸੂਹਜ ਦੀ ਰੇਖਾ ਤੋਂ ਪਾਰ ਨਹੀਂ ਜਾਂਦਾ। ਅਜਮੇਰ ਰੋਡੇ ਵਿਚ ਮਾਨਵ ਲਈ ਅਨੰਤ ਹਮਦਰਦੀ ਤੇ ਸ਼ੁਭ ਚਿੰਤਨੀ ਭਾਵਨਾ ਹੈ।"[3]

ਅਜਮੇਰ ਰੋਡੇ ਦੀ ਕਵਿਤਾ ਲੁਕ ਲੁਕਾਈ ਅਤੇ ਛੁਪ ਛਪਾਈ ਦੇ ਹੱਕ ਵਿਚ ਨਹੀਂ। ਉਹ ਮਨੁੱਖ ਤੋਂ ਪਾਰਦਰਸ਼ੀ ਵਿਵਹਾਰ ਅਤੇ ਸਦਾਚਾਰ ਦੀ ਉਮੰਗ ਰੱਖਦਾ ਹੈ। ਪਾਰਦਰਸ਼ੀ ਬਣਨ ਲਈ ਉਹ ਬੌਧਿਕ ਸੰਵਾਦ ਕਰਾਉਂਦਾ ਹੈ ਤਾਂ ਕਿ ਇਕ ਦੂਜੇ ਦੀ ਸਮਝ ਆ ਸਕੇ। ਬੌਧਿਕ ਸੰਵਾਦ ਇਕ ਦੂਜੇ ਦੇ ਅਤਿਨਿਕਟ ਆਉਣਾ, ਇਕ ਦੂਜੇ ਦੀ ਆਂਤਰਿਕਤਾ ਨੂੰ ਧੁਰ ਡੂੰਘਾਣਾਂ ਤੀਕ ਦੇਖਣ ਦਾ ਯਤਨ ਕਰਨਾ ਹੈ।

ਆਧੁਨਿਕ ਦੌਰ ਵਿਚ ਮਨੁੱਖਤਾ ਤ੍ਰਾਸਦੀ ਵਿਚੋਂ ਗੁਜ਼ਰ ਰਹੀ ਹੈ। ਵਰਤਮਾਨ ਤ੍ਰਾਸਦੀ ਕਾਰਨ ਕਵੀ ਅਤੇ ਕਲਾਕਾਰ ਬੁਰੀ ਤਰ੍ਹਾਂ ਝੰਜੋੜੇ ਗਏ ਹਨ। ਅਜਿਹੀ ਸਥਿਤੀ ਪਿੱਛੇ ਕੋਈ ਬਦੇਸ਼ੀ ਸ਼ਕਤੀਆਂ ਨੂੰ ਬੁਰਾ ਠਹਿਰਾ ਰਿਹਾ ਹੈ, ਕੋਈ ਸਿਆਸੀ ਲੋਕਾਂ ਨੂੰ ਦੋਸ਼ੀ ਮੰਨਦਾ ਹੈ। ਕਿਸੇ ਦਾ ਮਤ ਇਹ ਹੈ ਕਿ ਇਹ ਤ੍ਰਾਸਦੀ ਧਾਰਮਿਕ ਸੰਕੀਰਣਤਾ ਕਰਕੇ ਵਾਪਰਦੀ ਹੈ। ਲੇਕਿਨ ਅਜਮੇਰ ਰੋਡੇ ਦਾ ਸੁਰ ਨਿਰਾਲਾ ਹੁੰਦਾ ਹੈ। ਕਵੀ ਮੁੜ ਉਸਾਰੀ ਦੀ ਇਛਾ ਰੱਖਦਾ ਹੈ। ਉਹ ਦਵਾ ਨਾਲੋਂ ਦੁਆ ਨੂੰ ਵਧੇਰੇ ਕਾਰਗਰ ਮੰਨਦਾ ਹੈ, ਜਿਸ ਵਿਚ ਲੋਕ ਸ਼ਕਤੀ ਦੀ ਆਸਥਾ ਤੇ ਵਿਸ਼ਵਾਸ਼ ਸਮੋਏ ਹੁੰਦੇ ਹਨ। ਕਿਉਂਕਿ ਪੰਜਾਬੀ ਜਨ-ਮਾਨਸ ਦੀ ਪਵਿੱਤਰ ਸੋਚ, ਕੋਈ ਸਰਵ ਉਤਮ ਵਿਚਾਰ, ਅਸ਼ੀਰਵਾਦ ਉਨ੍ਹਾਂ ਦੀ ਪ੍ਰਾਰਥਨਾ ਵਿਚ ਸਮਿਲਤ ਹੁੰਦੇ ਹਨ। ਲੋਕ ਪ੍ਰਾਰਥਨਾ ਉਸ ਦੀ ਕਵਿਤਾ ਅੰਦਰ ਅੰਤਰ ਨਿਹਿਤ ਹੈ। ਡਾ: ਸੁਤਿੰਦਰ ਸਿੰਘ ਨੂਰ ਦੇ ਕਥਨ ਅਨੁਸਾਰ "ਅਜਮੇਰ ਰੋਡੇ ਦੀ ਕਵਿਤਾ ਵਿਚ ਬਹੁਤ ਵਾਰੀ ਪ੍ਰਕਿਰਤੀ ਦੇ ਬਿੰਬ ਇੰਦ੍ਰਆਈ ਬਿੰਬਾਂ ਨਾਲ ਇਕਮਿਕ ਹੋ ਕੇ ਸਹਿਜ ਸੁਹਜ ਦੀ ਇਕ ਵੱਖਰੀ ਆਭਾ ਜਗਾਉਂਦੇ ਹਨ, ਜਿਸ ਸਦਕਾ ਕਾਵਿ-ਭਾਸ਼ਾ ਵੱਖਰੇ ਅੰਦਾਜ਼ ਵਿਚ ਤਰੰਗਤ ਹੋਣ ਲਗਦੀ ਹੈ।"[4]

ਅਜਮੇਰ ਰੋਡੇ ਦੀ ਕਵਿਤਾ 'ਚ ਜਿੱਥੇ ਸਦਭਾਵਨਾ, ਮਨੋਭਾਵਨਾ ਉਜਾਗਰ ਹੁੰਦੀ ਹੈ, ਉਥੇ ਤ੍ਰਾਸਦੀ ਦੇ ਹਾਲਾਤ ਹੋਣ ਦੇ ਬਾਵਜੂਦ ਉਜਵਲ ਭਵਿੱਖ ਦੀ ਸੰਭਾਵਨਾ ਵੀ ਨਜ਼ਰ ਪੈਂਦੀ ਹੈ। ਅਜਮੇਰ ਰੋਡੇ ਦੀ ਕਾਵਿ ਰਚਨਾ ਦਾ ਅਧਿਐਨ ਕਰਦਿਆਂ ਸਦਭਾਵਨਾ, ਮਨੋਭਾਵਨਾ ਅਤੇ ਸੰਭਾਵਨਾ ਦੀ ਤਿਕੋਣ ਉਭਰਕੇ ਸਾਹਮਣੇ ਆਉਂਦੀ ਹੈ। "ਉਸਦੀ ਕਵਿਤਾ ਜਿੱਥੇ ਸਰਵ-ਮਾਨਵੀ ਸੋਚਣੀ ਦਾ ਸਿੰਬਲ ਹੈ, ਉਥੇ ਕਵੀ ਦੀ ਸਾਰੀ ਟੇਕ ਤੇ ਆਸਥਾ ਇਨਸਾਨੀ ਸਦਭਾਵਨਾ ਤੇ ਕੇਂਦਰਤ ਹੈ, ਜੋ ਯੁਖਦੀ ਜੀਵਨ-ਚੰਗਿਆੜੀ ਨੂੰ ਦੀਵੇ ਦੀ ਲੋਅ ਵਿਚ ਬਦਲ ਸਕਦੀ ਹੈ। ਕੋਈ ਨਵਾਂ ਭਰੋਸਾ, ਕੋਈ ਆਪਸੀ ਵਿਸ਼ਵਾਸ, ਕੋਈ ਨਿਰਭੈ ਲਾਟ ਜੋ ਸੁੰਨਮ ਸੁੰਨੀਆਂ ਰੂਹਾਂ ਅੰਦਰ ਮੋਹ ਦੀ ਚਿਣਗ ਜਗਾ ਸਕਦੀ ਹੈ।"[5]

ਅਜਮੇਰ ਰੋਡੇ ਸਵੈ ਨਾਲ ਸੰਵਾਦ ਰਚਾਉਂਦਾ ਹੈ। ਉਸ ਦਾ ਕਾਵਿਮਈ ਸੰਵਾਦ ਕਿਧਰੇ ਸਮਾਜ ਨਾਲ ਹੈ, ਕਿਧਰੇ ਪ੍ਰਕਿਰਤੀ ਨਾਲ ਹੈ। ਉਸ ਦੇ ਸਵੈ-ਸੰਵਾਦ ਦਾ ਦਾਇਰਾ/ਖੇਤਰ ਅਤਿ ਵਿਸ਼ਾਲ ਹੈ। ਅਜਮੇਰ ਰੋਡੇ ਦੇ ਕਾਵਿ ਸੰਵਾਦ ਅੰਦਰ ਪੰਜਾਬ ਦਾ ਇਤਿਹਾਸ, ਪੇਂਡੂ ਸਭਿਅਤਾ ਅਤੇ ਮੁਲਕ ਦਾ ਸਭਿਆਚਾਰ ਉਭਰਦਾ ਦਿਖਾਈ ਪੈਂਦਾ ਹੈ। "ਪੰਜਾਬ ਦੇ ਰੰਗੀਲੇ ਦਰਿਆਵਾਂ ਦੇ ਕੰਢਿਆਂ ਤੇ ਰਸ-ਰੰਗ ਦਾ ਜੋ ਸ਼ਬਦ-ਸਭਿਆਚਾਰ ਉਸਰਿਆ ਸੀ, ਕਵੀ ਉਸ ਮਾਨ ਸਰੋਵਰ ਨੂੰ ਯਾਦ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਨਜ਼ਰੇ ਇਨਾਇਤ ਨਾਲ ਵਰੋਸਾਏ ਹੋਏ ਬਵੰਜਾ ਕਵੀ ਸੰਧਿਆ ਵੇਲੇ ਜਮਨਾ ਨਦੀ ਦੇ ਸ਼ਾਂਤ ਕੰਢਿਆਂ ਉੱਤੇ ਆ ਜੁੜਦੇ ਸਨ ਤਾਂ ਉਹ ਛਲਕਦੀਆਂ ਛੱਲਾਂ ਉੱਘੇ ਛਹਿਬਰ ਲਾ ਦਿੰਦੇ ਸਨ। ਜਦੋਂ ਕਿ ਅੱਜ ਦੇ ਸ਼ਾਇਰ ਚੁੱਪ ਦੀ ਬੁੱਕਲ ਮਾਰੀ ਬੈਠੇ ਹਨ।"[6]

ਅਜਮੇਰ ਰੋਡੇ ਦੀ ਕਾਵਿ ਰਚਨਾ ਦੀ ਇਕ ਵਿਸ਼ੇਸ਼ਤਾ ਮਿਥਿਹਾਸਕ (Mythology) ਰੂਪਾਂਤਰਣ ਹੈ। ਕਵਿਤਾ ਦੀ ਸਿਰਜਨਾ ਵਿਚ ਪ੍ਰਤੀਕ, ਚਿੰਨ੍ਹ, ਬਿੰਬ, ਅਲੰਕਾਰ ਆਦਿ ਜੁਗਤਾਂ ਤੋਂ ਇਲਾਵਾ ਮਿਥ ਵੀ ਇਕ ਪ੍ਰਭਾਵਸ਼ਾਲੀ ਜੁਗਤ ਹੈ। ਅਜਮੇਰ ਰੋਡੇ ਨੇ ਭਾਰਤੀ ਮਿਥਕ ਪ੍ਰਣਾਲੀ ਦਾ ਆਸਰਾ ਲਿਆ ਹੈ। "ਦੁਨੀਆਂ ਦੇ ਹਰ ਸਭਿਆਚਾਰ ਤੇ ਸਾਹਿਤ ਵਿਚ ਮਿੱਥਾਂ ਪ੍ਰਚਲਤ ਹਨ। ਬੋਧ ਸਭਿਆਚਾਰ ਵਿਚ ਜਾਤਕ-ਕਥਾਵਾਂ, ਹਿੰਦੂ ਸਭਿਆਚਾਰ ਵਿਚ ਮਹਾਂਭਾਰਤ ਤੇ ਰਮਾਇਣ ਦੀਆਂ ਕਹਾਣੀਆਂ ਅਤੇ ਸਿਖ ਸਭਿਆਚਾਰ ਵਿਚ ਜਨਮ-ਸਾਖੀਆਂ ਆਦਿ ਮਿਥਾਂ ਤੇ ਮਿਥਿਕ-ਰਚਨਾਵਾਂ ਹੀ ਹਨ। ਕਿਸੇ ਨੈਤਿਕ, ਧਾਰਮਿਕ, ਆਦਰਸ਼ਕ ਜਾਂ ਕਿਸੇ ਸਿੱਖਿਆਦਾਇਕ ਸੰਕਲਪ ਨੂੰ ਸਮੂਹਿਕ ਅਵਚੇਤਨ (Collective unconscious) ਵਿਚ ਨਕਸ਼ ਕਰਨ ਲਈ ਮਿੱਥਾਂ ਤੋਂ ਵੱਧ ਕੇ ਹੋਰ ਕੋਈ ਵਿਧੀ ਕਾਰਗਰ ਨਹੀਂ ਹੋ ਸਕਦੀ।"[7]

ਅਜਮੇਰ ਰੋਡੇ ਨੇ ਸਮੂਹ ਭਾਰਤੀਆਂ ਦੀ ਗਾਇਕੀ ਦੇ ਸੰਦਰਭ ਵਿਚ ਮਿਥਹਾਸਿਕ ਕਥਾ ਨੂੰ ਕਵਿਤਾ ਦੀ ਥੀਮਕ ਵਸਤੂ ਵਜੋਂ ਚੁਣਿਆ ਹੈ, ਕਿਉਂਕਿ ਫ਼ਿਲਾਸਫਰ, ਧਰਮ-ਅਚਾਰੀਆ, ਕਲਾਕਾਰ ਤੇ ਕਵੀ ਜਨ ਮਿਥਾਂ ਦੀ ਵਾਰ ਵਾਰ ਵਰਤੋਂ ਕਰਦੇ ਸਨ। ਇਹ ਤਸੱਵਰ ਕੀਤਾ ਜਾਂਦਾ ਸੀ ਕਿ "ਮਿਥਾਂ ਦੇ ਮਾਧਿਅਮ ਦੁਆਰਾ (Abstract) ਨਿਰਾਕਾਰ ਖ਼ਿਆਲਾਤ ਕੋਈ ਸਾਕਾਰ, (Concrete) ਸ਼ਕਲਾਂ ਵਿਚ ਪੇਸ਼ ਕੀਤੇ ਜਾ ਸਕਦੇ ਹਨ। ਇਸ ਲਈ ਅਜਮੇਰ ਰੋਡੇ ਨੇ ਮਿਥਕਤਾ ਨੂੰ ਕਾਵਿ ਵਸਤੂ ਵਜੋਂ ਨਵੇਂ ਪਰਿਪੇਖ ਵਿਚ ਸਥਾਪਿਤ ਕਰਕੇ ਇਸ ਨੂੰ ਨਵਾਂ ਸੰਦਰਭ ਪ੍ਰਦਾਨ ਕੀਤਾ। ਮਿਥ ਦੀ ਇਹ ਇਕ ਤਰ੍ਹਾਂ ਨਾਲ ਪੁਨਰ-ਉਸਾਰੀ ਹੀ ਹੈ। ਮਿਥਹਾਸਿਕਤਾ ਵਿਚ ਨਵਾਂ ਅਰਥ-ਸੰਚਾਰ ਕਰਕੇ ਕਵੀ ਨੇ ਮਿਥ ਨੂੰ ਮਾਡਰਨ ਜ਼ਮਾਨੇ ਦੀਆਂ ਸਮੱਸਿਆਵਾਂ ਨਾਲ ਆ ਜੋੜਿਆ ਹੈ। ਇਉਂ ਮਿਥ ਨੂੰ ਨਵੇਂ (Context) ਸੰਦਰਭ ਉਪਲਬੱਧ ਹੋਏ ਹਨ।"[8]

ਅਜਮੇਰ ਰੋਡੇ ਅੰਦਰ ਘੋਖਣ ਦੀ ਖੋਜ ਵਿਰਤੀ ਕਾਫ਼ੀ ਭਾਰੂ ਹੈ। ਇਹ ਉਸ ਅੰਦਰ ਉਸਲਵੱਟੇ ਲੈਂਦੀ ਚਿੰਤਨੀ ਨੀਝ ਦਾ ਜਲੋਅ ਹੈ ਜੋ ਸ਼ਬਦਾਂ ਨੂੰ ਨਰੋਈ ਸ਼ਕਤੀ ਦਿੰਦਾ ਹੈ। ਅਜਮੇਰ ਰੋਡੇ ਆਪਣੀ ਕਾਵਿਮਈ ਦਿੱਬ ਦ੍ਰਿਸ਼ਟੀ ਨਾਲ ਹਰ ਵਰਤਾਰੇ ਅੰਦਰਲੇ ਅਨੂਠੇਪਣ ਦੀ ਡੂੰਘੀ ਪਛਾਣ ਕਰਦਾ ਹੈ। ਅਜਮੇਰ ਦੀ ਅਜਿਹੀ ਵਿਧੀ "ਸਪੇਸ ਦੀ ਸੀਮਾ ਤੋਂ ਪਾਰ ਵਿਪ੍ਰੀਤ ਬਿੰਦੂਆਂ ਨੂੰ ਰਿਸ਼ਤਿਆਂ ਵਿਚ ਬੰਨ੍ਹ ਕੇ ਸਥਾਪਨਾ ਦਾ ਵਿਸਥਾਪਨ ਕਰਦੀ ਹੈ, ਪ੍ਰਤੱਖ ਹੈ ਕਿ ਉਸਨੂੰ

ਚਿੰਨ੍ਹਾਂ ਦੀ ਚੋਖੀ ਸਮਝ ਹੈ। ਉਸ ਦੀ ਕਵਿਤਾ 'ਚ ਕੁੱਝ ਵੀ ਇਕਹਿਰਾ ਨਹੀਂ। ਨਾ ਸ਼ਬਦ, ਨਾ ਸ਼ਬਦਾਂ ਤੋਂ ਉਪਜਣ ਵਾਲੀਆਂ ਆਵਾਜ਼ਾਂ, ਨਾ ਅਰਥ ਨਾ ਉਹ ਥਾਂ (Space) ਜਿਸਨੂੰ ਕਵਿਤਾ ਇਕ ਮੁਹਾਜ ਵਾਂਗ ਪੈਦਾ ਕਰਦੀ ਹੈ। ਸਭ ਕੁੱਝ ਅੰਤਰ ਤੰਦਾਂ ਵਿਚ ਬੱਝਾ ਹੋਇਆ ਹੈ।"[9]

ਅਜਮੇਰ ਰੋਡੇ ਦੀ ਸੂਖਮਤਾ ਉਸਦੀ ਕਾਵਿਮਈ ਸੰਵੇਦਨਾ 'ਚ ਅੰਤਰਨਹਿਤ ਹੁੰਦੀ ਹੈ। ਲੋਕਾਈ ਦੀ ਪੀੜ ਨੂੰ ਉਹ ਆਪਣੀ ਆਤਮਾ ਅੰਦਰ ਹੰਢਾਉਂਦਾ ਤੇ ਭੋਗਦਾ ਹੈ। ਆਪਣੇ ਪਿੰਡ ਦੀ ਪੀੜ ਪਿੰਡੇ (ਦੇਹ) ਤੇ ਭੋਗਦਾ ਹੈ। ਗੁਰੂ ਪੀਰਾਂ ਦੀ ਧਰਤੀ ਪੰਜਾਬ ਤੇ ਵਾਪਰਿਆ ਇਹ ਵਰਤਾਰਾ ਉਸਨੂੰ ਝੰਜੋੜਦਾ ਵੀ ਹੈ, ਪ੍ਰੇਸ਼ਾਨ ਵੀ ਕਰਦਾ ਹੈ ਅਤੇ ਪੰਜਾਬੀ ਸਮਾਜ ਦੀ ਚੇਤਨਤਾ ਪ੍ਰਤੀ ਕਈ ਸਵਾਲ ਵੀ ਪੈਦਾ ਕਰਦਾ ਹੈ। ਇਉਂ ਅਜਮੇਰ ਰੋਡੇ ਗੁਰੂਆਂ ਪੀਰਾਂ ਦੀ ਧਰਤੀ ਤੇ ਹੋਣ ਵਾਲੇ ਕਤਲੋਗਾਰਦ, ਜ਼ੁਲਮ ਦੀ ਦੁਹਾਈ ਦਿੰਦਾ ਲੋਕਾਈ ਨੂੰ ਇਸ ਅੰਧਕਾਰ ਵਿਚੋਂ ਨਿਕਲਣ ਦਾ ਸੁਨੇਹਾ ਦਿੰਦਾ ਹੈ। ਹਿੰਦੂ-ਸਿੱਖ ਦੇ ਨਾਂ ਤੇ, ਗੀਤਾ ਤੇ ਗ੍ਰੰਥ ਦੇ ਨਾਂ ਤੇ ਜੋ ਨਫ਼ਰਤ ਸਿਆਸੀ ਨੇਤਾਵਾਂ ਨੇ ਸਾਡੇ ਅੰਦਰ ਬੀਜੀ ਹੈ ਉਸ ਤੋਂ ਨਿਜਾਤ ਪਾਉਣ ਲਈ ਚਾਨਣ ਦੀ ਭਾਲ ਵਲ ਨੂੰ ਤੋਰਦਾ ਹੈ :-

"ਜਦੋਂ ਮੈਂ ਆਪਣੇ ਪਿੰਡ ਰੋਡੇ ਤੋਂ
ਬਾਹਰ ਨਿਕਲਿਆ ਸੀ
ਮੇਰਾ ਪਿੰਡ ਮੇਰੇ ਅੰਦਰ
ਵੜ ਗਿਆ ਸੀ.....
ਮੈਂ ਜਿਸ ਧਰਤ ਤੇ ਗਿਆ ਹਾਂ
ਆਪਣੇ ਪਿੰਡ ਦਾ/ਸੂਆ ਬਣ ਕੇ ਵਗਿਆ ਹਾਂ।"[10]

ਅਜਮੇਰ ਰੋਡੇ ਦੀ ਪ੍ਰਤਿਭਾ ਨੇ ਮਿਥਹਾਸਿਕ ਨਾਰੀ ਨੂੰ ਅੱਜ ਦੀ ਮਾਡਰਨ ਨਾਰੀ ਦੀ ਸ਼ਕਲ ਵਿਚ ਲਿਆ ਖੜ੍ਹਾ ਕੀਤਾ ਹੈ। ਮਹਾਂਭਾਰਤੀ ਯੁਗ ਵਿਚ ਰਾਜ ਕੰਨਿਆ ਤਰਫ਼ੋਂ ਆਪਣੇ ਹੋਣ ਵਾਲੇ ਵਰ ਦੀ ਸਵੈ ਚੋਣ ਨੂੰ ਸੁਅੰਬਰ ਕਿਹਾ ਜਾਂਦਾ ਸੀ। "ਸੁਅੰਬਰ ਵਰਗੀ ਦਵੰਦ ਤੇ ਦੁਬਿਧਾਗ੍ਰਸਤ ਅਵਸਥਾ ਵਿਚ ਆਧੁਨਿਕ ਨਾਰੀ ਦੀ ਕੀ ਮਨੋ-ਵਿਗਿਆਨਕ ਪ੍ਰਤਿਕਿਰਿਆ ਹੋ ਸਕਦੀ ਹੈ। ਇਸ ਨੂੰ ਕਵੀ ਨੇ ਵਿਸ਼ਵ ਨਾਰੀ ਦੀ ਗਲੋਬਲੀ ਸੰਵੇਦਨਾ ਵਿਚ ਸਮੋ ਕੇ ਉਭਾਰਿਆ ਹੈ। ਅਜਿਹੀ ਕਾਵਿ ਸਿਰਜਣਾ ਰਾਹੀਂ ਅਜਮੇਰ ਰੋਡੇ ਵਿਸ਼ਵ ਨਾਰੀ ਦੀ ਮਾਨਸਿਕਤਾ ਦੀ ਪ੍ਰਤਿਨਿਧਤਾ ਕਰਦਾ ਹੈ।"[11]

ਅਜਮੇਰ ਰੋਡੇ ਦੀ ਕਵਿਤਾ ਦਾ ਇਕ ਹੋਰ ਅਹਿਮ ਸਰੋਕਾਰ ਹੈ ਪੰਜਾਬੀ ਸਭਿਆਚਾਰ ਤੇ ਲੋਕ ਧਾਰਾ ਦਾ ਰੂਬਰੂ ਹੋਣਾ। ਰੋਡੇ ਦੀ ਕਵਿਤਾ 'ਚ ਜਿੱਥੇ ਪੰਜਾਬੀ ਸਭਿਆਚਾਰ ਦੇ ਇਤਿਹਾਸ ਦੀ ਝਲਕ ਮਿਲਦੀ ਹੈ, ਉੱਥੇ ਪੰਜਾਬੀ ਸਭਿਆਚਾਰ ਦੀ ਖੁਰ ਰਹੀ ਸਾਖ ਸਬੰਧੀ ਸ਼ੰਕੇ ਵੀ ਸਾਹਮਣੇ ਆਉਂਦੇ ਹਨ। ਪੇਂਡੂ ਸਭਿਆਚਾਰ ਦੇ ਨਮੂਨੇ ਅਤੇ ਲੋਕ ਧਾਰਾਈ ਜੀਵਨ ਜਾਚ ਉਸ ਦੀਆਂ ਕਵਿਤਾਵਾਂ ਵਿਚੋਂ ਝਲਕਦੀ ਹੈ। ਅਜਮੇਰ ਰੋਡੇ ਦੀਆਂ ਕਵਿਤਾਵਾਂ 'ਚ "ਪੰਜਾਬੀ ਸਭਿਆਚਾਰ ਦੇ ਨਜ਼ਾਰੇ ਹਨ, ਪੰਜਾਬੀ ਜੀਵਨ ਦੀ ਝਲਕ ਹੈ ਅਤੇ ਪੰਜਾਬੀ ਫੋਕਲੋਰ ਦਾ ਸੁਆਦ ਹੈ। ਲੋਕ ਬੋਲੀਆਂ, ਕਵਸ਼ਰੀ, ਲੋਕਾਂ ਦੀ ਖੁੰਢ ਚਰਚਾ, ਧੀ-ਧਿਆਣੀਆਂ ਦਾ ਸਹੁਰੀਂ ਤੁਰਨਾ ਆਦਿ ਦ੍ਰਿਸ਼ਟੀ ਗੋਚਰ ਹੁੰਦੇ ਹਨ। ਕਾਵਿ-ਕਲਾ ਦਾ ਇਹ ਸਾਰਾ ਰਸ-ਰੰਗ ਨਵੀਂ ਧਰਤੀ ਦੇ ਨਵੇਂ ਮਸਲਿਆਂ ਅਤੇ ਨਵੀਆਂ ਸਮੱਸਿਆਵਾਂ ਨਾਲ ਓਤ ਪ੍ਰੋਤ ਹੈ। ਉਸ ਦੀਆਂ ਸਮੱਸਿਆਵਾਂ ਓਪਰੀ ਧਰਤੀ ਤੇ ਹੰਢਾਈ ਜਾ ਰਹੀ ਬੇਗਾਨਗੀ, ਇਕੱਲਤਾ, ਅਜਨਬੀਅਤ, ਉਦਰੇਵੇਂ ਅਤੇ ਹੇਰਵੇ ਨਾਲ ਸਬੰਧਤ ਹਨ।"[12]

ਅਜਮੇਰ ਰੋਡੇ ਦੀ ਕਵਿਤਾ ਦਾ ਅਧਿਐਨ ਕਰਦਿਆਂ ਜਿੱਥੇ ਕੁਦਰਤ ਦੀ ਵਿਭਿੰਨਤਾ ਦੇ ਦਰਸ਼ਨ ਹੁੰਦੇ ਪ੍ਰਤੀਤ ਹੁੰਦੇ ਹਨ ਉਥੇ ਮਨੁੱਖੀ ਜੀਵਨ ਦੀ ਵੰਨ-ਸੁਵੰਨਤਾ ਵੀ ਉਘੜ ਉਘੜ ਕੇ ਨਜ਼ਰ ਆਉਂਦੀ ਹੈ। ਆਧੁਨਿਕ ਮਨੁੱਖ ਦੀ ਗਤੀਸ਼ੀਲਤਾ, ਪ੍ਰਗਤੀਸ਼ੀਲਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸ ਦੀਆਂ ਕਵਿਤਾਵਾਂ ਪੜਦਿਆਂ ਮਨੁੱਖ ਦੀ ਪੁਰਾਤਨ ਸਭਿਅਤਾ ਦੇ ਕੁਝ ਨਮੂਨੇ ਸਾਕਾਰ ਹੁੰਦੇ ਹਨ। ਵਰਤਮਾਨ ਮਨੁੱਖ ਦਾ ਬਦਲ ਰਿਹਾ ਸਭਿਆਚਾਰ ਵੀ ਨਜ਼ਰ ਆਉਂਦਾ ਹੈ। ਅਜਮੇਰ ਦੀਆਂ ਕਵਿਤਾਵਾਂ "ਕੈਨੇਡਾ-ਅਮਰੀਕਾ ਦੀ ਅਤਿ ਵਿਕਸਿਤ ਸਭਿਅਤਾ ਦੀਆਂ ਵੱਖ-ਵੱਖ ਤਸਵੀਰਾਂ ਪੇਸ਼ ਕਰਦੀਆਂ ਹਨ। ਪੰਜਾਬ ਤੋਂ ਰੋਜ਼ੀ-ਰੋਟੀ ਲਈ ਆਏ ਪ੍ਰਵਾਸੀਆਂ (ਕਵੀ ਦੇ ਸ਼ਬਦਾਂ ਵਿਚ ਆਵਾਸੀਆਂ) ਦੀ ਜੋ ਮਾਨਸਿਕ ਪੀੜ ਦੇ ਦਰਦ ਹਨ ਉਨ੍ਹਾਂ ਦੀ ਪੇਸ਼ਕਾਰੀ ਵੀ ਇਨ੍ਹਾਂ ਕਵਿਤਾਵਾਂ ਵਿਚ ਹਾਜ਼ਰ ਹੈ। ਅਜਮੇਰ ਰੋਡੇ ਦਾ ਕਾਵਿ ਇਉਂ ਸ਼ੁਰੂ ਹੁੰਦਾ ਹੈ ਜਿਵੇਂ ਸੱਥ 'ਚ ਬੈਠੇ ਸਿਆਣੇ ਬਜ਼ੁਰਗ ਨਾਲ (Monologue) ਮੋਨੋਲਾਗ ਸ਼ੁਰੂ ਹੁੰਦਾ ਹੈ।"[13]

ਭਾਵੇਂ ਅਜਮੇਰ ਰੋਡੇ ਪੂਰਬੀ ਅਤੇ ਪੱਛਮੀ ਸਭਿਆਚਾਰਾਂ, ਰਹਿਤਲਾਂ ਦੇ ਸਨਮੁਖ ਹੁੰਦਾ ਹੈ ਉਸ ਨੂੰ ਦੋਵਾਂ ਸਭਿਆਤਾਵਾਂ ਦੀਆਂ ਵਿਰੋਧਤਾਵਾਂ, ਜਟਿਲਤਾਵਾਂ ਅਤੇ ਸਮਾਨਤਾਵਾਂ ਦਾ ਗਿਆਨ ਹੈ। ਇਹੋ ਕਾਰਨ ਹੈ ਕਿ ਅਜਮੇਰ ਰੋਡੇ ਪਰਵਾਸੀ ਪੰਜਾਬੀਆਂ ਦੇ ਹੰਢਾਏ ਹੋਏ ਦਰਦ ਦੀ ਤਸਵੀਰ ਪੇਸ਼ ਕਰਦਾ ਹੈ ਉਹ ਦਰਦ ਜੋ ਪਰਵਾਸੀਆਂ ਦੀਆਂ ਤਿੰਨਾਂ ਪੀੜੀਆਂ ਵੱਲੋਂ ਭੋਗਿਆ ਜਾ ਰਿਹਾ ਹੈ। ਅਜਮੇਰ ਰੋਡੇ ਇਸ ਦਰਦ ਨੂੰ ਆਰਜੀ ਦਰਦ ਵਜੋਂ ਹੀ ਉਭਾਰਦਾ ਹੈ, ਇਸਨੂੰ ਸਦੀਵੀ ਨਹੀਂ ਮੰਨਦਾ। ਇਸ ਦਰਦ ਦਾ ਸਮਾਧਾਨ ਵੀ ਉਸਦੇ ਕਾਵਿ ਜਗਤ ਵਿਚ ਸਮਾਇਆ ਹੋਇਆ ਹੈ। "ਕਵੀ ਨੇ ਇਸ ਪੰਜਾਬਣ ਇਸਤਰੀ ਦੀਆਂ ਰੀਝਾਂ, ਸਧਰਾਂ, ਯਾਦਾਂ ਅਤੇ ਫਰਿਆਦਾਂ ਤੇ ਭਾਵੁਕ ਦ੍ਰਿਸ਼ਾਂ ਰਾਹੀਂ, ਪ੍ਰਵਾਸ ਭੋਗਦੇ ਪੰਜਾਬੀਆਂ ਦੇ ਵਿਆਕੁਲ ਮਨੋ-ਸੰਸਾਰ ਨੂੰ ਬੜੀ ਸ਼ਿੱਦਤ ਨਾਲ ਉਜਾਗਰ ਕੀਤਾ ਹੈ। ਪ੍ਰਵਾਸ-ਗਮਨ ਕਰਨ ਤੋਂ ਪਹਿਲਾਂ ਪੰਜਾਬਣ ਕੁੜੀ ਦੀ ਮਨੋ-ਅਵਸਥਾ ਦੇ ਜਿਹੜੇ ਕਰੁਣਾ-ਪੂਰਨ ਜਜ਼ਬੇ ਉਸ ਦੀ ਰੂਹ ਵਿਚ ਤੜਪ ਪੈਦਾ ਕਰਦੇ ਹਨ ਉਨ੍ਹਾਂ ਜਜ਼ਬਿਆਂ ਦੇ ਸ਼ਬਦ ਚਿੱਤਰ ਕਾਬਲੇ-ਗੌਰ ਹਨ।"[14]

ਅਜੋਕੀ ਦੁਨੀਆਂ ਆਪੋ ਆਪਣੇ ਸੰਕਟ 'ਚ ਗ੍ਰਸਤ ਹੈ। ਦੁਨੀਆਂ ਦੀ ਵਧਦੀ ਗਰੀਬੀ, ਕੰਗਾਲੀ, ਭੁਖਮਰੀ, ਬੇਰੁਜ਼ਗਾਰੀ ਅਤੇ ਦਹਿਸ਼ਤ ਬਹੁਤ ਵੱਡੇ ਮਸਲੇ ਹਨ। ਪਰੰਤੂ ਕਵੀ ਨੇ ਇਤਿਹਾਸ ਦੇ ਉਸ ਯੁਗਾਂਤਰ ਤੋਂ ਪੁਰਖਾਂ ਨੂੰ ਆਪਣੀ ਕਾਵਿ ਸਿਰਜਨਾ ਦਾ ਮਹਾਂ-ਨਾਇਕ ਤਸੱਵਰ ਕੀਤਾ ਹੋਇਆ ਹੈ ਜੋ ਵਿਸ਼ਵ ਦੇ ਮਾਨਵ ਦੀਆਂ ਸਮਕਾਲੀ ਸਥਿਤੀਆਂ ਸਮਝਣ ਦੇ ਸਮਰੱਥ ਹੋਵੇ। ਜੋ ਸਮੁੱਚੀ ਪ੍ਰਿਥਵੀ ਦੀਆਂ ਸਮੱਸਿਆਵਾਂ ਨੂੰ ਅਨੁਭਵ ਕਰ ਸਕਦਾ ਹੋਵੇ। ਮਾਨਵੀ ਤ੍ਰਾਸਦੀ ਦਾ ਸਮਾਧਾਨ ਤਲਾਸ਼ਣ ਦੀ ਸਮਰੱਥਾ ਅਤੇ ਸ਼ਕਤੀ ਦਾ ਮਾਲਕ ਹੋਵੇ। ਸਮਕਾਲੀ ਯੁਗ ਦੀਆਂ ਘ੍ਰਿਣਤ ਬਿਮਾਰੀਆਂ ਨੂੰ ਸਮਝ ਕੇ ਹੀ ਸਮਾਜਕ ਵਾਤਾਵਰਨ ਅੰਦਰ ਤਬਦੀਲੀ ਦੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ। ਇਸ ਪੱਖ ਤੋਂ ਅਜਮੇਰ ਰੋਡੇ ਦੀ ਕਵਿਤਾ ਸੰਘਰਸ਼ ਦਾ ਵਾਤਾਵਰਣ ਉਸਾਰਨ 'ਚ ਭੂਮਿਕਾ ਨਿਭਾਉਂਦੀ ਪ੍ਰਤੀਤ ਹੁੰਦੀ ਹੈ। ਵਿਸ਼ਵ ਦੀ ਅਤਿ ਭਿਅੰਕਰ ਸਥਿਤੀ ਪ੍ਰਤੀ ਅਜਮੇਰ ਰੋਡੇ ਨੇ "ਕਵਿਤਾ ਦੇ ਵਾਤਾਵਰਨ ਵਿਚ ਕੀਤਾ ਹੈ ਜੋ ਅੱਜ ਏਸ਼ੀਆ ਦੇ ਬੰਕਾਕ ਵਰਗੇ ਸ਼ਹਿਰਾਂ, ਅਮਰੀਕਾ ਦੇ ਨਿਊਯਾਰਕ ਵਰਗੇ ਮਹਾਂਨਗਰਾਂ, ਅਫਰੀਕਾ ਦੇ ਮਸਕਟ ਵਰਗੇ ਕਸਬਿਆਂ ਅਤੇ ਭਿਅੰਕਰ ਕਾਲ

ਨਾਲ ਉਜਾੜੇ ਇਥੀਓਪੀਆ ਵਰਗੇ ਦੇਸ਼ਾਂ ਵਿਚ ਫੈਲੀਆਂ ਹੋਈਆਂ ਹਨ। ਕਵੀ ਆਪਣੇ ਮਹਾਂਨਾਇਕ ਗੁਰੂ ਨਾਨਕ ਦੇ ਅਨਯਾਈਆਂ ਨੂੰ ਵੰਗਾਰਦਾ ਹੈ ਤਾਂ ਕਿ ਉਹ ਵਿਸ਼ਵ ਦੀ ਪੀੜ ਹਰਨ ਲਈ ਕਲਿਆਣ ਮਿਸ਼ਨ ਦੀਆਂ ਚਹੁੰ-ਕੂੰਟੀਂ ਮਹਾਂ-ਯਾਤਰਾਵਾਂ ਤੇ ਨਿਕਲ ਪੈਣ।''[15]

ਅਜਮੇਰ ਰੋਡੇ ਦੀ ਕਾਵਿ ਰਚਨਾ ਦਾ ਸਰੋਕਾਰ ਵਿਸ਼ਵ ਮਾਨਵ ਦੀਆਂ ਚੁਣੌਤੀਆਂ ਨਾਲ ਦਸਤਪੰਜਾ ਲੈ ਕੇ ਨਵੇਂ ਮਨੁੱਖ ਦੀ ਸਿਰਜਣਾ ਕਰਨਾ ਹੈ। ਅਜਮੇਰ ਰੋਡੇ ਕਾਵਿ ਵਿਚ ਹੀ ਸੱਚ ਨੂੰ ਲਿਖਦਾ ਪਰਖਦਾ ਹੈ। ਇਹ ਪ੍ਰਕਿਰਿਆ ਸ਼ਾਇਦ ਉਸ ਦੀ ਵਿਗਿਆਨਕ ਚੇਤਨਾ ਚੋਂ ਆਈ ਹੈ। ਅਜਮੇਰ ਉਸੇ ਪ੍ਰਕਿਰਿਆ ਤੋਂ ਪਾਰ ਸੌਂਦਰਯ ਸਿਰਜਨ ਕਰਦਾ ਹੈ। ਉਸ ਦਾ ਕਾਵਿ ਸੌਂਦਰਯ ਜਿੱਥੇ ਵਰਤਮਾਨ ਮਨੁੱਖ ਦੀ ਮਨੋਸਥਿਤੀ ਨੂੰ ਪੇਸ਼ ਕਰਦਾ ਹੈ, ਉੱਥੇ ਇਸ ਸਮਾਜਿਕ ਸਥਿਤੀ ਨੂੰ ਬਦਲਣ ਲਈ ਵੱਡਮੁੱਲੇ ਸੁਝਾਅ ਅਤੇ ਦਿਸ਼ਾ ਵੀ ਪ੍ਰਦਾਨ ਕਰਦਾ ਹੈ। ਇਹ ਦਿਸ਼ਾ ਅਜੋਕੇ ਮਨੁੱਖ ਦੀਆਂ ਜਟਿਲ ਕਠਨਾਈਆਂ ਅਤੇ ਅਟਲ ਸੱਚਾਈਆਂ ਨੂੰ ਪੇਸ਼ ਕਰਨ ਵਾਲੀ ਹੈ :

''ਰਿਸ਼ਤਾ ਸੱਚੇ ਪਿਆਰ ਦਾ, ਪਾਣੀ ਕੋਲੋਂ ਸਿੱਖ
ਜਿਸ ਭਾਂਡੇ ਵਿਚ ਗੰਧਲੇ ਨਿੱਤਰੇ ਓਸੇ ਵਿਚ।
ਕੱਠੇ ਰਹਿ ਕੇ ਛੱਡ ਗੇ ਕੁੱਤਾ ਬਿੱਲੀ ਵੈਰ
ਨਰ ਨਾਰੀ ਕਿਉਂ ਹੋ ਗਏ ਇਕ ਦੂਜੇ ਤੋ ਗੈਰ।
ਜੇ ਉਸਤਤ ਨਾ ਕਰ ਸਕੇਂ ਮੰਦਾ ਬੋਲ ਨਾ ਬੋਲ
ਮੰਦਾ ਚੰਗਾ ਅੰਤ ਨੂੰ ਪੈਣਾ ਤੇਰੀ ਝੋਲ।
ਟਪਦਾ ਸੂਏ ਕੱਸੀਆਂ ਗਿਆ ਸਮੁੰਦਰ ਟੱਪ
ਵੱਡੀ ਛਾਲ ਜੇ ਮਾਰੀਏ ਵੱਡੀ ਲਗਦੀ ਸੱਟ।''[16]

ਇੰਞ ਅਸੀਂ ਅਜਮੇਰ ਰੋਡੇ ਦੇ ਜੀਵਨ ਸ਼ਖ਼ਸੀਅਤ ਅਤੇ ਕਾਵਿ ਸਰੋਕਾਰ ਦੀ ਵਿਭਿੰਨ ਪੱਖਾਂ ਤੋਂ ਪਹਿਚਾਣ ਕਰ ਸਕਦੇ ਹਾਂ, ਜੇਕਰ ਅਸੀਂ ਉਸਦੀਆਂ ਕਵਿਤਾਵਾਂ ਦਾ ਵਾਦ ਮੁਕਤ ਅਤੇ ਵਿਵਾਦ ਮੁਕਤ ਹੋ ਕੇ ਅਧਿਐਨ ਕਰੀਏ।

**ਹਵਾਲੇ ਅਤੇ ਟਿੱਪਣੀਆਂ**

1. ਪ੍ਰਵਾਸੀ ਪੰਜਾਬੀ ਸਾਹਿਤ ਮੁੱਲ ਤੇ ਮੁਲਾਂਕਣ, ਪੰਨਾ 152.
2. ਓਹੀ ਪੰਨਾ 153.
3. ਗੁਰਬਚਨ, ਪ੍ਰਸੰਗ ਦਰ ਪ੍ਰਸੰਗ, ਪੰਨਾ 159, 160.
4. ਕਵਿਤਾ ਦੀ ਭੂਮਿਕਾ, ਪੰਨਾ 83.
5. ਪ੍ਰਵਾਸੀ ਪੰਜਾਬੀ ਸਾਹਿਤ ਮੁੱਲ ਤੇ ਮੁਲਾਂਕਣ, ਪੰਨਾ 154.
6. ਓਹੀ ਪੰਨਾ 155.
7. ਓਹੀ-ਪੰਨਾ 155.
8. ਓਹੀ-ਪੰਨਾ 155.
9. ਪ੍ਰਸੰਗ ਦਰ ਪ੍ਰਸੰਗ, ਪੰਨਾ 163.
10. ਲੀਲ੍ਹਾ, 781-82.
11. ਪ੍ਰਵਾਸੀ ਪੰਜਾਬੀ ਸਾਹਿਤ ਮੁੱਲ ਤੇ ਮੁਲਾਂਕਣ, ਪੰਨਾ 156.
12. ਓਹੀ ਪੰਨਾ 156.
13. ਓਹੀ ਪੰਨਾ 156.
14. ਓਹੀ ਪੰਨਾ 157.
15. ਓਹੀ ਪੰਨਾ 158.
16. ਲੀਲ੍ਹਾ, ਪੰਨਾ 51, 52.